# 2nd Foreign Office Consultations between India and Tanzania

June 16, 2022

## ਭਾਰਤ ਅਤੇ ਤਨਜ਼ਾਨੀਆ ਦੇ ਵਿਦੇਸ਼ ਦਫ਼ਤਰਾਂ ਦਰਮਿਆਨ ਦੂਜਾ ਸਲਾਹ-ਮਸ਼ਵਰਾ

**16 ਜੂਨ, 2022**

1. ਭਾਰਤ ਅਤੇ ਤਨਜ਼ਾਨੀਆ ਦੇ ਵਿਦੇਸ਼ ਦਫ਼ਤਰਾਂ ਦਰਮਿਆਨ ਸਲਾਹ-ਮਸ਼ਵਰੇ ਦਾ ਦੂਜਾ ਗੇੜ 16 ਜੂਨ, 2022 ਨੂੰ ਨਵੀਂ ਦਿੱਲੀ ਵਿੱਚ ਹੋਇਆ। ਭਾਰਤੀ ਪੱਖੋਂ ਵਿਦੇਸ਼ ਮੰਤਰਾਲੇ ਦੇ ਸਾਂਝਾ ਸਕੱਤਰ (E&SA) ਸ਼੍ਰੀ ਪੁਨੀਤ ਆਰ. ਕੁੰਡਲ ਅਤੇ ਤਨਜ਼ਾਨੀਆਈ ਪੱਖ ਤੋਂ ਤਨਜ਼ਾਨੀਆਨ ਵਿਦੇਸ਼ ਮਾਮਲਿਆਂ ਅਤੇ ਪੂਰਬ ਅਫ਼ਰੀਕੀ ਸਹਿਯੋਗ ਮੰਤਰਾਲੇ ਦੇ ਡਾਇਰੈਕਟਰ (ਏਸ਼ੀਆ ਅਤੇ ਆਸਟ੍ਰੇਲੀਆ) ਰਾਜਦੂਤ ਸੀਜ਼ਰ ਸੀ. ਵੈਤਾਰਾ ਨੇ ਵਿਚਾਰ-ਵਟਾਂਦਰੇ ਦੀ ਅਗਵਾਈ ਕੀਤੀ।

2. ਇਸ ਸਲਾਹ-ਮਸ਼ਵਰੇ ਦੌਰਾਨ ਰਾਜਨੀਤਿਕ, ਆਰਥਿਕ, ਵਪਾਰ ਅਤੇ ਨਿਵੇਸ਼, ਰੱਖਿਆ, ਸੱਭਿਆਚਾਰਕ, ਲੋਕ ਪੱਧਰੀ ਅਤੇ ਆਪਸੀ ਹਿੱਤਾਂ ਦੇ ਹੋਰ ਖੇਤਰਾਂ ਸਮੇਤ ਸਮੁੱਚੇ ਦੁਵੱਲੇ ਸਬੰਧਾਂ ਦੀ ਸਮੀਖਿਆ ਕੀਤੀ ਗਈ। ਸੰਯੁਕਤ ਰਾਸ਼ਟਰ, ਪੂਰਬੀ ਅਫਰੀਕਾ ਸਮੁਦਾਏ (EAC), ਦੱਖਣੀ ਅਫ਼ਰੀਕਾ ਵਿਕਾਸ ਸਹਿਯੋਗ (SADC) ਅਤੇ ਅਫ਼ਰੀਕਨ ਮਹਾਂਦੀਪੀ ਮੁਕਤ ਵਪਾਰ ਖੇਤਰ (AFCFTA) ਵਿੱਚ ਸਹਿਯੋਗ ਸਮੇਤ ਬਹੁਪੱਖੀ ਅਤੇ ਖੇਤਰੀ ਮੁੱਦਿਆਂ 'ਤੇ ਵੀ ਚਰਚਾ ਕੀਤੀ ਗਈ।

3. ਦੋਵਾਂ ਧਿਰਾਂ ਨੇ ਦੁਵੱਲੇ ਵਪਾਰ ਵਿੱਚ ਹੋਏ ਵਾਧੇ 'ਤੇ ਤਸੱਲੀ ਪ੍ਰਗਟਾਈ, ਜੋ 2021-22 ਦੌਰਾਨ 4.5 ਅਰਬ ਅਮਰੀਕੀ ਡਾਲਰ ਤੱਕ ਪਹੁੰਚ ਗਿਆ। ਭਾਰਤ ਤਨਜ਼ਾਨੀਆ ਦੇ ਸਭ ਤੋਂ ਵੱਡੇ ਵਪਾਰਕ ਭਾਈਵਾਲਾਂ ਵਿਚ ਸ਼ਾਮਲ ਹੈ ਅਤੇ ਤਨਜ਼ਾਨੀਆ ਵਿੱਚ ਚੋਟੀ ਦੇ ਨਿਵੇਸ਼ਕਾਂ ਵਿੱਚੋਂ ਇੱਕ ਹੈ। ਦੋਵੇਂ ਧਿਰਾਂ ਨੇ ਵੱਖ-ਵੱਖ ਖੇਤਰਾਂ ਵਿੱਚ ਦੁਵੱਲੇ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਅਤੇ ਸਿਹਤ, ਸਿੱਖਿਆ, ਬੰਦਰਗਾਹ ਵਿਕਾਸ ਅਤੇ ਖੇਤੀਬਾੜੀ ਖੇਤਰ ਵਿੱਚ ਨਿਵੇਸ਼ ਦੀਆਂ ਸੰਭਾਵਨਾਵਾਂ ਦਾ ਪਤਾ ਲਗਾਉਣ ਉੱਤੇ ਸਹਿਮਤੀ ਦਿੱਤੀ। ਤਨਜ਼ਾਨੀਆ ਭਾਰਤ ਦਾ ਪ੍ਰਮੁੱਖ ਵਿਕਾਸ ਭਾਈਵਾਲ ਵੀ ਹੈ ਅਤੇ ਭਾਰਤ ਨੇ ਇਸਨੂੰ 1.1 ਅਰਬ ਅਮਰੀਕੀ ਡਾਲਰ ਤੋਂ ਵੱਧ ਦੇ 6 ਕਰਜ਼ੇ, ਖਾਸ ਕਰਕੇ ਸ਼ਹਿਰੀ ਪਾਣੀ ਦੀ ਸਪਲਾਈ ਅਤੇ ਪ੍ਰਬੰਧਨ ਦੇ ਖੇਤਰ ਵਿੱਚ, ਦਿੱਤੇ ਹਨ। ਭਾਰਤੀ ਪੱਖ ਨੇ ਕਰਜ਼ਿਆਂ, ਅਨੁਦਾਨਾਂ ਅਤੇ ਹੋਰ ਵਿਧੀਆਂ ਰਾਹੀਂ ਤਨਜ਼ਾਨੀਆ ਨਾਲ ਵਿਕਾਸ ਸਾਂਝੇਦਾਰੀ ਨੂੰ ਜਾਰੀ ਰੱਖਣ ਪ੍ਰਤੀ ਆਪਣੀ ਵਚਨਬੱਧਤਾ ਦੁਹਰਾਈ।

4. ਦੋਵੇਂ ਧਿਰਾਂ ਨੇ ਭਾਈਵਾਲੀ ਨੂੰ ਸਰਗਰਮ ਅਤੇ ਆਪਸੀ ਤੌਰ ਤੇ ਲਾਹੇਵੰਦ ਬਣਾਈ ਰੱਖਣ ਲਈ ਉੱਚ ਪੱਧਰੀ ਸਿਆਸੀ ਵਟਾਂਦਰੇ ਅਤੇ ਸਾਂਝੇ ਸੰਸਥਾਗਤ ਤੰਤਰਾਂ ਦੀਆਂ ਬਾਕਾਇਦਾ ਮੀਟਿੰਗਾਂ ਜਾਰੀ ਰੱਖਣ ਉੱਤੇ ਸਹਿਮਤੀ ਪ੍ਰਗਟਾਈ।

5. ਸਲਾਹ-ਮਸ਼ਵਰੇ ਦੋਸਤਾਨਾ ਅਤੇ ਸੁਹਿਰਦ ਮਾਹੌਲ ਵਿੱਚ ਹੋਏ। ਦੋਵੇਂ ਧਿਰਾਂ ਨੇ ਦਾਰ ਏਸ ਸਲਾਮ ਵਿੱਚ ਆਪਸੀ ਸਹੂਲਤ ਦੇ ਸਮੇਂ 'ਤੇ ਸਲਾਹ-ਮਸ਼ਵਰੇ ਦਾ ਅਗਲੇ ਗੇੜ ਕਰਵਾਉਣ ਉੱਤੇ ਸਹਿਮਤੀ ਦਿੱਤੀ।

ਨਵੀਂ ਦਿੱਲੀ

16 ਜੂਨ, 2022

DISCLAIMER: This is an approximate translation. The original is available in English on MEA's website and may be referred to as the official press release.